**UNITED SIKHS**

*Recognize the Human Race as One*

# NYC ਸਿਹਤ ਵਿਭਾਗ ਦੁਆਰਾ Covid-19 ਟੀਕੇ ਬਾਰੇ ਜ਼ਰੂਰੀ ਜਾਣਕਾਰੀ

COVID-19 ਦਾ ਟੀਕਾ (Pfizer-BioNTech ਅਤੇ Moderna) ਐਮਰਜੈਂਸੀ ਪ੍ਰਯੋਗ ਲਈ (Food & Drug Administration) FDA ਦੁਆਰਾ ਮਨਜ਼ੂਰ ਕੀਤਾ ਗਿਆ ਹੈ। ਕਲੀਨਿਕਲ ਸਟਡੀਜ਼ ਵਿੱਚ ਇਨ੍ਹਾਂ ਦੋਨਾਂ ਕੰਪਨੀਆਂ ਦੇ ਟੀਕੇ COVID-19 ਤੋਂ ਬਚਾਅ ਲਈ 94% ਅਸਰਦਾਰ ਹਨ। ਇਹ ਟੀਕੇ 2021 ਦੇ ਮੱਧ ਵਿਚ ਸਾਰੇ ਨਿਊਯਾਰਕਰਾਂ ਨੂੰ ਉਪਲੱਬਧ ਹੋ ਜਾਣਗੇ। ਫਰੰਟ ਲਾਈਨ ਵਰਕਰਾਂ ਨੂੰ ਇਹ ਜਲਦੀ ਮਿਲ ਰਹੇ ਹਨ। COVID-19 ਦਾ ਟੀਕਾ ਸਾਡੇ ਸਰੀਰ ਵਿਚ COVID-19 ਨਾਲ ਲੜਨ ਦੀ ਸ਼ਕਤੀ ਨੂੰ ਮਜਬੂਤ ਕਰਦਾ ਹੈ। **ਇਹ ਟੀਕਾ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਇਸ ਤੋਂ ਬਚਾਉਣ ਲਈ ਬਹੁਤ ਜ਼ਰੂਰੀ ਹੈ।**




- 16 ਸਾਲ ਤੋਂ ਵੱਧ ਉਮਰ ਦੇ ਨਿਊਯਾਰਕਰ ਨੂੰ ਇਹ ਟੀਕਾ ਮਿਲ ਸਕੇਗਾ ਇਹ ਟੀਕਾ ਸਭ ਲਈ ਮੁਫਤ ਹੈ। ਜੇ ਤੁਹਾਡੇ ਕੋਲ ਸਿਹਤ ਬੀਮਾ ਹੈ ਤਾਂ ਇਸ ਦਾ ਬਿੱਲ ਬੀਮਾ ਕੰਪਨੀ ਨੂੰ ਭੇਜਿਆ ਜਾਵੇਗਾ ਪਰ ਤੁਹਾਨੂੰ ਕਿਸੇ ਤਰਾਂ ਦਾ ਕੋਈ ਭੁਗਤਾਨ ਨਹੀਂ ਕਰਨਾ ਪਵੇਗਾ।
- ਟੀਕਾ ਲਗਵਾਉਣ ਲਈ ਤੁਹਾਨੂੰ ਆਪਣੇ **ਇਮੀਗ੍ਰੇਸ਼ਨ ਸਟੇਟਸ ਬਾਰੇ ਨਹੀਂ ਦੱਸਣਾ ਪਵੇਗਾ। ਇਹ ਪਬਲਿਕ ਚਾਰਜ ਰੂਲ ਦੇ ਅਧੀਨ ਨਹੀਂ ਹੈ।**
- ਟੀਕਾ ਲਗਵਾਉਣ ਵੇਲੇ ਤੁਹਾਡੀ ਨਿੱਜੀ ਜਾਣਕਾਰੀ ਸਰੁੱਖਿਅਤ ਰੱਖੀ ਜਾਵੇਗੀ।
- ਜਦੋਂ COVID-19 ਦਾ ਟੀਕਾ ਅਸਾਨੀ ਨਾਲ ਮਿਲਣ ਲੱਗ ਪਵੇਗਾ ਤਾਂ ਤੁਸੀ ਇਸ ਨੂੰ ਹੋਰ ਟੀਕਿਆਂ ਦੀ ਤਰ੍ਹਾਂ ਫਾਰਮੇਸੀਆਂ ਜਾਂ ਡਾਕਟਰਾਂ ਦੇ ਦਫਤਰਾਂ ਤੋਂ ਲਗਵਾ ਸਕੋਗੇ।
- **Covid-19 ਇੱਕ ਵਾਰ ਹੋਣ ਤੋਂ ਬਾਅਦ ਦੁਬਾਰਾ ਵੀ ਹੋ ਸਕਦਾ ਹੈ, ਇਸ ਲਈ ਟੀਕਾ ਜ਼ਰੂਰ ਲੈ ਲੈਣਾ ਚਾਹੀਦਾ ਹੈ। ਪਰ ਜੇਕਰ ਪਿਛਲੇ 90 ਦਿਨਾਂ ਵਿਚ ਤੁਹਾਡਾ COVID-19 ਟੈਸਟ ਪਾਸਟੀਵ ਆਇਆ ਹੈ** ਤਾਂ ਤੁਸੀ ਟੀਕਾ ਲਗਾਉਣ ਲਈ ਉਡੀਕ ਕਰ ਸਕਦੇ ਹੋ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਤੁਹਾਨੂੰ ਦੁਬਾਰਾ COVID-19 ਹੋਣ ਦਾ ਡਰ ਘੱਟ ਹੈ।
- ਆਪਣੇ ਆਪ ਨੂੰ COVID-19 ਟੀਕੇ ਲਈ ਰਜਿਸਟਰ ਕਰਵਾਉਣ ਲਈ ਇਸ ਲਿੰਕ ਤੇ ਜਾਓ https://vaccinefinder.nyc.gov/

**ਨੋਟ:- COVID-19 ਦਾ ਟੀਕਾ ਲਗਵਾਉਣ ਤੋਂ ਬਾਅਦ ਵੀ CDC (Center of Disease Control) ਦੁਆਰਾ ਦਿੱਤੇ ਨਿਰਦੇਸ਼ਾ ਤੇ ਅਮਲ ਕਰਦੇ ਰਹੋ।**

- ਜੇ ਤੁਸੀ ਬਿਮਾਰ ਹੋ ਜਾਂ ਕਿਸੇ **COVID-19** ਪੀੜਿਤ ਵਿਅਕਤੀ ਦੇ ਸੰਪਰਕ ਵਿਚ ਆਏ ਹੋ ਤਾਂ ਘਰ ਤੋਂ ਬਾਹਰ ਨਾ ਜਾਉ।
- ਬਾਹਰ ਦੇ ਲੋਕਾਂ ਨਾਲ **6** ਫੁੱਟ ਦੀ ਦੂਰੀ ਬਣਾ ਕੇ ਰੱਖੋ।
- ਘਰ ਤੋਂ ਬਾਹਰ ਹਮੇਸ਼ਾ ਮਾਸਕ ਪਾ ਕੇ ਰੱਖੋ।
- ਸਮੇਂ ਸਮੇਂ ਤੇ ਆਪਣੇ ਹੱਥ ਸਾਬੁਣ ਪਾਣੀ ਜਾਂ ਹੈਂਡ ਸੈਨੀਟਾਈਜ਼ਰ ਨਾਲ ਸਾਫ ਕਰਦੇ ਰਹੋ।